Alberta

ਨਿਊਜ਼ ਰਿਲੀਜ਼

# ਅਲਬਰਟਾ ਵਿੱਚ ਲੈਬ ਸੇਵਾ ਪ੍ਰਦਾਨ ਕਰਨ ਵਿੱਚ ਬਦਲਾਅ

18 ਅਗਸਤ, 2023 ਮੀਡੀਆ ਪੁੱਛਗਿੱਛ

## ਲੈਬ ਟੈਸਟਿੰਗ ਨੂੰ ਬਿਹਤਰ ਬਣਾਉਣ ਅਤੇ ਅਲਬਰਟਾ ਵਾਸੀਆਂ ਲਈ ਉਡੀਕ ਦੇ ਸਮੇਂ ਨੂੰ ਘਟਾਉਣ ਲਈ, ਅਲਬਰਟਾ ਪ੍ਰਿਸੀਜ਼ਨ ਲੈਬਾਰਟਰੀਜ਼ (Alberta Precision Laboratories) ਹੁਣ ਪੂਰੇ ਸੂਬੇ ਵਿੱਚ ਕਮਿਊਨਿਟੀ ਲੈਬ ਸੇਵਾਵਾਂ ਪ੍ਰਦਾਨ ਕਰਨਗੀਆਂ।

ਅਲਬਰਟਾ ਵਾਸੀਆਂ ਨੂੰ ਲਾਜ਼ਮੀ ਤੌਰ 'ਤੇ ਉਹ ਲੈਬ ਟੈਸਟ ਕਰਵਾਉਣ ਦੇ ਯੋਗ ਹੋਣਾ ਚਾਹੀਦਾ ਹੈ ਜਿਨ੍ਹਾਂ ਦੀ ਉਹਨਾਂ ਨੂੰ ਕਦੇ ਵੀ ਅਤੇ ਕਿਤੇ ਵੀ ਲੋੜ ਹੈ। ਪਿਛਲੇ ਕੁਝ ਮਹੀਨਿਆਂ ਤੋਂ, ਦੇਰੀ ਅਤੇ ਉਡੀਕ ਸਮੇਂ ਨੇ ਲੈਬ ਸੇਵਾਵਾਂ ਤੱਕ ਪਹੁੰਚ ਕਰਨਾ ਬਹੁਤ ਮੁਸ਼ਕਲ ਬਣਾ ਦਿੱਤਾ ਹੈ। 3 ਅਗਸਤ ਤੋਂ, ਅਲਬਰਟਾ ਪ੍ਰਿਸੀਜ਼ਨ ਲੈਬਾਰਟਰੀਜ਼ (Alberta Precision Laboratories) ਨੇ ਕੈਲਗਰੀ ਵਿੱਚ ਹਜ਼ਾਰਾਂ ਵਾਧੂ ਕਮਿਊਨਿਟੀ ਲੈਬ ਅਪੌਇੰਟਮੈਂਟਾਂ ਪ੍ਰਦਾਨ ਕੀਤੀਆਂ ਹਨ, ਜਿਸ ਨਾਲ ਇੰਤਜ਼ਾਰ ਦੇ ਸਮੇਂ ਨੂੰ ਬਹੁਤ ਜ਼ਿਆਦਾ ਘਟਾਇਆ ਗਿਆ ਹੈ। ਹਾਲਾਂਕਿ, ਇਹ ਸਪੱਸ਼ਟ ਹੈ ਕਿ ਹੋਰ ਕਦਮ ਚੁੱਕਣ ਦੀ ਲੋੜ ਹੈ ਅਤੇ ਅਲਬਰਟਾ ਦੀ ਸਰਕਾਰ ਇਸ 'ਤੇ ਕਾਰਵਾਈ ਕਰ ਰਹੀ ਹੈ।

ਪ੍ਰਾਂਤ ਦੇ ਸਾਰੇ ਖੇਤਰਾਂ ਵਿੱਚ ਸਟਾਫ, ਉਪਕਰਣ ਅਤੇ ਜਾਇਦਾਦ ਨੂੰ ਅਲਬਰਟਾ ਪ੍ਰਿਸੀਜ਼ਨ ਲੈਬਾਰਟਰੀਜ਼ (Alberta Precision Laboratories) ਨੂੰ ਤਬਦੀਲ ਕਰਨ ਲਈ DynaLIFE ਦੀ ਮਲਕੀਅਤ ਨਾਲ ਸਿਧਾਂਤਕ ਤੌਰ 'ਤੇ ਇੱਕ ਸਮਝੌਤਾ ਹੋਇਆ ਹੈ। ਇਹ ਕੰਮ ਦਸੰਬਰ 2023 ਤੱਕ ਪੂਰੀ ਤਬਦੀਲੀ ਦੇ ਮੁਕੰਮਲ ਹੋਣ ਦੀ ਉਮੀਦ ਦੇ ਨਾਲ ਪੜਾਵਾਂ ਵਿੱਚ ਪੂਰਾ ਕੀਤਾ ਜਾਵੇਗਾ। ਇਸ ਪਰਿਵਰਤਨ ਦੇ ਦੌਰਾਨ ਅਲਬਰਟਾ ਵਾਸੀ ਉਨ੍ਹਾਂ ਸਥਾਨਾਂ 'ਤੇ ਹੀ ਆਪਣੀ ਲੈਬ ਟੈਸਟਿੰਗ ਕਰਵਾਉਣਾ ਜਾਰੀ ਰੱਖਣਗੇ ਅਤੇ ਯੋਜਨਾ ਅਨੁਸਾਰ ਕੈਲਗਰੀ ਅਤੇ ਹੋਰ ਖੇਤਰਾਂ ਵਿੱਚ ਵਾਧੂ ਅਪੌਇੰਟਮੈਂਟਾਂ ਜੁੜਨੀਆਂ ਜਾਰੀ ਰਹਿਣਗੀਆਂ।

"ਲੈਬ ਸੇਵਾਵਾਂ ਅਲਬਰਟਾ ਵਾਸੀਆਂ ਦੇ ਨਿਦਾਨ ਅਤੇ ਉਹਨਾਂ ਦੇ ਇਲਾਜ ਲਈ ਮਹੱਤਵਪੂਰਨ ਹਨ। ਇਹ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ ਕਿ ਅਲਬਰਟਾ ਵਾਸੀਆਂ ਨੂੰ ਖੂਨ ਨਾਲ ਸੰਬੰਧਿਤ ਸਧਾਰਨ ਜਿਹੇ ਕੰਮ ਨੂੰ ਪੂਰਾ ਕਰਨ ਲਈ ਵੀ ਲੰਬੀ ਉਡੀਕ ਅਤੇ ਦੇਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਨੂੰ ਇਹ ਸਪੱਸ਼ਟ ਹੈ ਕਿ ਸਾਡੀ ਸਿਹਤ ਸੰਭਾਲ ਪ੍ਰਣਾਲੀ ਵਿੱਚ ਸੁਧਾਰ ਕਰਨਾ ਸਾਡੀ ਸਰਕਾਰ ਲਈ ਇੱਕ ਪ੍ਰਮੁੱਖ ਤਰਜੀਹ ਹੈ ਅਤੇ ਇਹਨਾਂ ਦੇਰੀਆਂ ਨੂੰ ਠੀਕ ਕਰਨਾ ਇਹ ਇੱਕ ਹੋਰ ਅਜਿਹਾ ਕਦਮ ਹੈ ਜੋ ਅਸੀਂ ਇਹ ਯਕੀਨੀ ਬਣਾਉਣ ਲਈ ਚੁੱਕ ਰਹੇ ਹਾਂ ਕਿ ਅਲਬਰਟਾ ਵਾਸੀ ਸਿਹਤ ਸੰਭਾਲ ਸੇਵਾਵਾਂ ਨੂੰ, ਹੁਣ ਅਤੇ ਭਵਿੱਖ ਵਿੱਚ, ਜਿੱਥੇ ਅਤੇ ਜਦੋਂ ਉਹਨਾਂ ਨੂੰ ਲੋੜ ਹੈ, ਪ੍ਰਾਪਤ ਕਰ ਸਕਦੇ ਹਨ।"

*ਡੈਨੀਅਲ ਸਮਿਥ (Danielle Smith), ਪ੍ਰੀਮੀਅਰ*

ਪ੍ਰੀਮੀਅਰ ਤੋਂ ਮੰਤਰੀ ਲਾਗਰੇਂਜ (LaGrange) ਦੇ ਆਦੇਸ਼ ਪੱਤਰ ਵਿੱਚ ਲੈਬ ਸੇਵਾਵਾਂ ਵਿੱਚ ਅਸਵੀਕਾਰਨਯੋਗ ਦੇਰੀ ਨੂੰ ਹੱਲ ਕਰਨ ਲਈ ਨਿਰਦੇਸ਼ ਸ਼ਾਮਲ ਕੀਤਾ ਗਿਆ ਸੀ ਤਾਂ ਜੋ ਅਲਬਰਟਾ ਵਾਸੀ ਪੂਰੇ ਸੂਬੇ ਵਿੱਚ ਸਮੇਂ ਸਿਰ ਲੈਬ ਸੇਵਾਵਾਂ ਤੱਕ ਪਹੁੰਚ ਕਰ ਸਕਣ। ਨਤੀਜੇ ਵਜੋਂ, ਅਲਬਰਟਾ ਵਾਸੀਆਂ ਕੋਲ ਉਹਨਾਂ ਨੂੰ ਲੋੜੀਂਦੀਆਂ ਲੈਬ ਸੇਵਾਵਾਂ ਤੱਕ ਵਧੇਰੇ ਪਹੁੰਚ ਹੋਵੇਗੀ ਅਤੇ ਕੈਲਗਰੀ ਅਤੇ ਦੱਖਣੀ ਅਲਬਰਟਾ ਵਿੱਚ ਹੋਣ ਵਾਲੀ ਬੇਲੋੜੀ ਦੇਰੀ ਨੂੰ ਖਤਮ ਕੀਤਾ ਜਾਵੇਗਾ।

"ਅਲਬਰਟਾ ਵਾਸੀ ਵਿਸ਼ਵ ਪੱਧਰੀ ਸਿਹਤ ਪ੍ਰਣਾਲੀ ਦੀ ਉਮੀਦ ਕਰਦੇ ਹਨ ਅਤੇ ਉਹ ਇਸਦੇ ਹੱਕਦਾਰ ਹਨ। ਇਹ ਤਬਦੀਲੀ ਲੈਬ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਵਿਕਸਿਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ, ਅਤੇ ਇਹ ਯਕੀਨੀ ਬਣਾਉਣ ਲਈ ਕਿ ਅਲਬਰਟਾ ਵਾਸੀਆਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਲੈਬ ਟੈਸਟਿੰਗ ਤੱਕ ਭਰੋਸੇਯੋਗ ਅਤੇ ਤੇਜ਼ੀ ਨਾਲ ਪਹੁੰਚ ਹੋਵੇ, ਖਾਸ ਕਰਕੇ ਸਮੇਂ ਸਿਰ ਨਿਦਾਨ ਅਤੇ ਇਲਾਜ ਨੂੰ ਸਮਰੱਥ ਬਣਾਉਣ ਲਈ। ਮੈਂ ਉਹਨਾਂ ਸਾਰੇ ਸਿਹਤ ਸੰਭਾਲ ਕਰਮਚਾਰੀਆਂ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜੋ ਲੈਬ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਨ, ਮੈਂ ਪਰਿਵਰਤਨ ਦੇ ਦੌਰਾਨ ਅਤੇ ਇਸ ਤੋਂ ਬਾਅਦ ਅਲਬਰਟਾ ਵਾਸੀਆਂ ਦੀਆਂ ਸਿਹਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤੁਹਾਡੇ ਯਤਨਾਂ ਦੀ ਸ਼ਲਾਘਾ ਕਰਦੀ ਹਾਂ।"

*ਐਡਰੀਆਨਾ ਲਾਗਰੇਂਜ (Adriana LaGrange), ਸਿਹਤ ਮੰਤਰੀ*

ਸਾਰੀਆਂ ਮੌਜੂਦਾ ਅਪੌਇੰਟਮੈਂਟਾਂ ਅਤੇ ਲੈਬ ਸੇਵਾਵਾਂ ਨੂੰ ਨਿਯਤ ਕੀਤੇ ਸਮੇਂ 'ਤੇ ਪ੍ਰਦਾਨ ਕੀਤਾ ਜਾਣਾ ਜਾਰੀ ਰਹੇਗਾ ਅਤੇ ਨਜ਼ਦੀਕੀ ਭਵਿੱਖ ਵਿੱਚ ਵਾਧੂ ਸਮਰੱਥਾ ਜੋੜੀ ਜਾਵੇਗੀ। ਇਸ ਸਮੇਂ, ਅਲਬਰਟਾ ਵਾਸੀ ਆਪਣੀਆਂ ਲੈਬ ਅਪੌਇੰਟਮੈਂਟਾਂ ਨੂੰ ਔਨਲਾਈਨ ਜਾਂ 1-877-702-4486 'ਤੇ ਕਾਲ ਕਰਕੇ ਬੁੱਕ ਕਰਨਾ ਜਾਰੀ ਰੱਖ ਸਕਦੇ ਹਨ।

# ਫੌਰੀ ਤੱਥ

- ਅਲਬਰਟਾ ਪ੍ਰਿਸੀਜ਼ਨ ਲੈਬਾਰਟਰੀਜ਼ (Alberta Precision Laboratories) ਦਾ ਗਠਨ 2018 ਵਿੱਚ ਕੀਤਾ ਗਿਆ ਸੀ। ਦਸੰਬਰ 2022 ਤੋਂ, ਇਸ ਨੇ ਸਿਰਫ਼ ਅਲਬਰਟਾ ਦੇ ਹਸਪਤਾਲਾਂ, ਜ਼ਰੂਰੀ ਦੇਖਭਾਲ ਕੇਂਦਰਾਂ ਅਤੇ ਪੇਂਡੂ ਭਾਈਚਾਰਿਆਂ ਵਿੱਚ ਕੰਮ ਕੀਤਾ ਹੈ ਜਿੱਥੇ ਕੋਈ ਵਾਧੂ ਕਮਿਊਨਿਟੀ ਲੈਬ ਮੌਜੂਦ ਨਹੀਂ ਹਨ।
- 3 ਅਗਸਤ ਤੋਂ, ਅਲਬਰਟਾ ਪ੍ਰਿਸੀਜ਼ਨ ਲੈਬਾਰਟਰੀਜ਼ (Alberta Precision Laboratories) ਨੇ ਆਪਣੇ ਹਸਪਤਾਲ ਲੈਬ ਸਿਸਟਮ ਦੇ ਅੰਦਰ ਹਫਤਾਵਾਰੀ ਨਵੀਆਂ ਅਪੌਇੰਟਮੈਂਟਾਂ ਜੋੜ ਕੇ ਅਤੇ ਹੋਰ ਸਟਾਫ ਦੀ ਨਿਯੁਕਤੀ ਕਰਕੇ, ਖਾਸ ਤੌਰ 'ਤੇ ਕੈਲਗਰੀ ਖੇਤਰ ਵਿੱਚ ਵਾਧੂ ਹਫਤਾਵਾਰੀ ਅਪੌਇੰਟਮੈਂਟਾਂ ਸ਼ਾਮਲ ਕਰਨ ਲਈ ਕਾਰਵਾਈ ਕੀਤੀ ਹੈ।

# ਸੰਬੰਧਿਤ ਲਿੰਕ

- ਲੈਬ ਅਪੌਇੰਟਮੈਂਟਾਂ ਲਈ ਔਨਲਾਈਨ ਬੁਕਿੰਗ

# ਸੰਬੰਧਿਤ ਖ਼ਬਰਾਂ

- ਲੈਬ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਤੁਰੰਤ ਕਾਰਵਾਈ (3 ਅਗਸਤ, 2023)
- ਸਿਹਤ ਮੰਤਰੀ ਦਾ ਹੁਕਮ ਪੱਤਰ (18 ਜੁਲਾਈ, 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ